# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਸਿੱਖਿਆ,ਪੰਜਾਬ

**ਪੰਜਵੀਂ ਮੰਜ਼ਿਲ, ਬਲਾਕ-ਈ, ਵਿੱਦਿਆ ਭਵਨ, ਫੇਜ਼-8, ਮੋਹਾਲੀ**

**ਫੋਨ ਨੰ. 0172-5212319/313, E-mail: icttech@punjabeducation.gov.in**


---

ਵੱਲ

1 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ)

2 ਸਬੰਧਤ ਸਕੂਲ ਮੁਖੀ (ਨੱਥੀ ਲਿਸਟ ਅਨੁਸਾਰ),

ਪੰਜਾਬ.

ਮੀਮੋ ਨੰ:- I /1284394 /2026 ਮਿਤੀ :- 06/01/2026

**ਵਿਸ਼ਾ- ਸਕੂਲਾਂ ਵਿਖੇ ਸਮੱਗਰਾ ਸਿੱਖਿਆ ਅਧੀਨ ਆਈ.ਸੀ.ਟੀ ਲੈਬਾਂ ਵਿਖੇ ਕੰਪਿਊਟਰ ਅਤੇ ਯੂ.ਪੀ.ਐਸ ਦੀ ਇੰਸਟਾਲੇਸ਼ਨ ਸਬੰਧੀ।**

1 ਉਕਤ ਵਿਸ਼ੇ ਸਬੰਧੀ ਆਪ ਜੀ ਨੂੰ ਦੱਸਿਆ ਜਾਂਦਾ ਹੈ ਕਿ ਸਮੱਗਰਾ ਸਿੱਖਿਆ ਸਕੀਮ ਅਤੇ PM Shri ਸਕੀਮ ਅਧੀਨ ਰਾਜ ਦੇ 5012 ਸਕੂਲਾਂ ਦੀਆਂ ਆਈ.ਸੀ.ਟੀ ਲੈਬਾਂ ਵਿਖੇ ਕੰਪਿਊਟਰ ਅਤੇ ਯੂ.ਪੀ.ਐਸ ਮੁਹੱਈਆ ਕਰਵਾਏ ਜਾ ਰਹੇ ਹਨ।

2 ਸਕੂਲਾਂ ਦੀ ਲਿਸਟ ਸਮੇਤ ਸਕੂਲ ਵਾਇਜ਼ ਕੰਪਿਊਟਰ ਅਤੇ ਯੂ.ਪੀ.ਐਸ ਦੀ ਗਿਣਤੀ ਨੱਥੀ ਕੀਤੀ ਗਈ ਹੈ।

3 ਆਈ.ਸੀ.ਟੀ ਲੈਬਾਂ ਵਿਖੇ ਕੰਪਿਊਟਰ ਅਤੇ ਯੂ.ਪੀ.ਐਸ ਦੀ ਸਪਲਾਈ, ਇੰਸਟਾਲੇਸ਼ਨ ਅਤੇ 5 ਸਾਲ ਰੱਖ-ਰਖਾਵ ਲਈ ਦੋ ਕੰਪਨੀਆਂ, M/s KS Smart Solutions Pvt. Ltd. ਅਤੇ M/s Bennett Coleman and Company Ltd ਦੀ ਚੋਣ ਕੀਤੀ ਗਈ ਹੈ। ਸਕੂਲ ਕਿਸ ਕੰਪਨੀ ਨੂੰ ਅਲਾਟ ਕੀਤਾ ਗਿਆ ਹੈ, ਇਸ ਦਾ ਵੇਰਵਾ ਸਕੂਲਾਂ ਦੀ ਨੱਥੀ ਲਿਸਟ ਵਿੱਚ ਦਿੱਤਾ ਗਿਆ ਹੈ। ਸਬੰਧਤ ਕੰਪਨੀ ਵੱਲੋਂ ਅਲਾਟ ਹੋਏ ਸਕੂਲਾਂ ਦੀਆਂ ਆਈ.ਸੀ.ਟੀ ਲੈਬਾਂ ਵਿਖੇ ਕੰਪਿਊਟਰ ਅਤੇ ਯੂ.ਪੀ.ਐਸ ਦੀ ਸਪਲਾਈ ਅਤੇ ਇੰਸਟਾਲੇਸ਼ਨ ਕੀਤੀ ਜਾਵੇਗੀ।

4 ਇੰਸਟਾਲ ਕੀਤੇ ਜਾਣ ਵਾਲੇ ਕੰਪਿਊਟਰ ਅਤੇ ਯੂ.ਪੀ.ਐਸ ਦਾ Make/Model ਹੇਠ ਅਨੁਸਾਰ ਹੈ:-

| S.No. | Name of the Company | Make/Model | Allotted Districts |
|---|---|---|---|
| 1 | M/s KS Smart Solutions Pvt. Ltd. | Computer- Acer Veriton X2240G, UPS- Microtek Legend 1000 | AMRITSAR, FARIDKOT, FAZILKA, FIROZPUR, GURDASPUR, HOSHIARPUR, JALANDHAR, KAPURTHALA, LUDHIANA (Some Schools), MUKTSAR, PATHANKOT, TARAN TARAN |
| 2 | M/s Edique Solutions Pvt. Ltd | Computer- Dell-QVS1260, UPS- Microtek Legend 1000 | BARNALA, BATHINDA, FATEHGARH SAHIB, LUDHIANA (Some Schools), MALERKOTLA, MANSA, MOGA, MOHALI, NAWANSHAHR, PATIALA, RUPNAGAR, SANGRUR |

5 ਸਬੰਧਤ ਸਕੂਲਾਂ ਨੂੰ ਇੰਸਟਾਲੇਸ਼ਨ ਸਬੰਧੀ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਦੀਆਂ ਹਨ:-

(i) ਸਕੂਲ ਵਿੱਚ ਮੌਜੂਦ ਕੰਪਿਊਟਰ ਲੈਬ ਵਿੱਚ ਹੁਣ ਦਿੱਤੇ ਜਾ ਰਹੇ ਕੰਪਿਊਟਰਾਂ ਦੀ ਗਿਣਤੀ ਅਨੁਸਾਰ ਫਰਨੀਚਰ ਅਤੇ ਬਿਜਲੀ ਦੀ ਫਿਟਿੰਗ 14 ਜਨਵਰੀ 2026 ਤੋਂ ਪਹਿਲਾਂ – ਪਹਿਲਾਂ ਕਰਵਾਉਣੀ ਯਕੀਨੀ ਬਣਾਈ ਜਾਵੇ ਤਾਂ ਜੋ ਕੰਪਿਊਟਰਾਂ ਅਤੇ ਯੂ.ਪੀ.ਐਸ ਦੀ ਇੰਸਟਾਲੇਸ਼ਨ ਸਮੇਂ ਕੋਈ ਸਮੱਸਿਆ ਨਾ ਆਵੇ ਅਤੇ ਕਿਸੇ ਵੀ ਕਿਸਮ ਦੀ ਦੇਰੀ ਤੋਂ ਬਚਿਆ ਜਾ ਸਕੇ। ਜੇਕਰ ਇਸ ਕਾਰਨ ਇੰਸਟਾਲੇਸ਼ਨ ਵਿੱਚ ਦੇਰੀ ਹੁੰਦੀ ਤਾਂ ਇਸ ਦੀ ਨਿਰੋਲ ਜ਼ਿੰਮੇਵਾਰੀ ਸਕੂਲ ਮੁਖੀ ਦੀ ਹੋਵੇਗੀ।

(ii) ਕੰਪਿਊਟਰ ਲੈਬ ਦੀ ਸਾਫ਼ ਸਫਾਈ, ਪੇਂਟ ਅਤੇ ਮੇਨਟੇਨੈਂਸ ਆਦਿ ਕਰਵਾ ਕੇ ਲੈਬ ਨੂੰ ਵਧੀਆ ਤਰੀਕੇ ਨਾਲ ਤਿਆਰ ਕਰ ਲਿਆ ਜਾਵੇ।

(iii) ਕੰਪਿਊਟਰ ਲੈਬ ਸੀਲਨ, ਦਰਾਰਾਂ, ਨਮੀ, ਪਾਣੀ ਦੀ ਲੀਕਿੰਗ ਆਦਿ ਤੋਂ ਰਹਿਤ ਹੋਵੇ।

(iv) ਸਕੂਲਾਂ ਵਿੱਚ ਮੌਜੂਦ Wi-Fi/Internet Connection ਦੀ ਰੇਂਜ ਕੰਪਿਊਟਰ ਲੈਬ ਤੱਕ ਹੋਣੀ ਲਾਜ਼ਮੀ ਹੈ, ਤਾਂ ਜੋ ਕੰਪਿਊਟਰਾਂ ਨੂੰ Internet ਨਾਲ ਜੋੜਿਆ ਜਾ ਸਕੇ।

(v) ਕੰਪਨੀ ਵੱਲੋਂ ਕੰਪਿਊਟਰ ਅਤੇ ਯੂ.ਪੀ.ਐਸ ਦੀ ਡਿਲੀਵਰੀ ਬੰਦ ਬਕਸਿਆਂ ਵਿੱਚ ਕੀਤੀ ਜਾਵੇਗੀ। ਸਕੂਲ ਪੱਧਰ ਤੇ ਆਇਟਮਾਂ ਦੇ ਬਕਸੇ ਨਾ ਖੋਲ੍ਹੇ ਜਾਣ। ਇਸ ਬਕਸੇ ਨੂੰ ਪ੍ਰਾਪਤ ਕਰਨ ਤੇ ਸਕੂਲ ਮੁਖੀ ਵੱਲੋਂ ਡਿਲੀਵਰੀ ਚਲਾਨ ਵਿੱਚ ਡਿਲੀਵਰੀ ਦੀ ਮਿਤੀ(DD/MM/YYYY), ਗਿਣਤੀ ਅਤੇ ਹੋਰ ਜਾਣਕਾਰੀ ਸਾਫ਼-ਸਾਫ਼ (ਪੜ੍ਹਨ ਯੋਗ) ਦਰਜ ਕਰਕੇ ਦਸਤਖ਼ਤ ਅਤੇ ਮੋਹਰ ਸਮੇਤ ਤਸਦੀਕ ਕੀਤਾ ਜਾਵੇ।

(vi) ਸਕੂਲ ਮੁਖੀਆਂ ਵੱਲੋਂ ਡਿਲੀਵਰੀ ਉਪਰੰਤ 24 ਘੰਟਿਆਂ ਦੇ ਅੰਦਰ-ਅੰਦਰ ਈ-ਪੰਜਾਬ ਪੋਰਟਲ ਦੇ "Delivery of ICT Lab equipments" ਮੋਡਿਊਲ ਵਿੱਚ ਡਾਟਾ ਦੀ ਐਂਟਰੀ ਕਰਨੀ ਯਕੀਨੀ ਬਣਾਈ ਜਾਵੇ।

(vii) ਕੰਪਿਊਟਰ ਅਤੇ ਯੂ.ਪੀ.ਐਸ ਦੀ ਇੰਸਟਾਲੇਸ਼ਨ ਕੇਵਲ ਕੰਪਨੀ ਦੇ ਅਧਿਕਾਰਤ ਇੰਜੀਨੀਅਰਾਂ ਵੱਲੋਂ ਹੀ ਕੀਤੀ ਜਾਵੇਗੀ। ਜ਼ਿਲ੍ਹਾ ਵਾਇਜ਼ ਇੰਜੀਨੀਅਰਾਂ ਦੀ ਲਿਸਟ ਇੰਸਟਾਲੇਸ਼ਨ ਸ਼ੁਰੂ ਹੋਣ ਤੋਂ ਪਹਿਲਾਂ ਸਕੂਲਾਂ ਨੂੰ ਭੇਜ ਦਿੱਤੀ ਜਾਵੇਗੀ। ਇੰਜੀਨੀਅਰ ਦੀ ਆਈ.ਡੀ. ਜਾਂਚ ਉਪਰੰਤ ਹੀ ਇੰਸਟਾਲੇਸ਼ਨ ਦੀ ਇਜਾਜ਼ਤ ਦਿੱਤੀ ਜਾਵੇ।

(viii) ਸਕੂਲ ਮੁਖੀ ਅਤੇ ਕੰਪਿਊਟਰ ਅਧਿਆਪਕ ਆਪਣੀ ਨਿਗਰਾਨੀ ਹੇਠ ਕੰਪਿਊਟਰ ਅਤੇ ਯੂ.ਪੀ.ਐਸ ਦੀ ਇੰਸਟਾਲੇਸ਼ਨ ਕਰਵਾਉਣਗੇ। ਇੰਸਟਾਲੇਸ਼ਨ ਉਪਰੰਤ ਕੰਪਿਊਟਰ ਅਤੇ ਯੂ.ਪੀ.ਐਸ ਨੂੰ ਇੱਕ ਵਾਰ ਚਲਾ ਕੇ ਤਸੱਲੀ ਕਰਦੇ ਹੋਏ, ਇਸ ਦਾ ਮੇਕ ਮਾਡਲ ਅਤੇ ਮੁੱਖ ਸਪੈਸੀਫਿਕੇਸ਼ਨਾਂ ਵੀ ਚੈੱਕ ਕੀਤੀਆਂ ਜਾਣ। ਇੰਸਟਾਲੇਸ਼ਨ ਤੋਂ ਸੰਤੁਸ਼ਟ ਹੋਣ ਉਪਰੰਤ ਹੀ ਇੰਸਟਾਲੇਸ਼ਨ ਰਿਪੋਰਟ ਵਿੱਚ ਇੰਸਟਾਲੇਸ਼ਨ ਦੀ ਮਿਤੀ (DD/MM/YYYY), ਗਿਣਤੀ, Serial number ਅਤੇ ਹੋਰ ਜਾਣਕਾਰੀ ਸਾਫ਼-ਸਾਫ਼(ਪੜ੍ਹਨ ਯੋਗ) ਦਰਜ ਕਰਕੇ ਦਸਤਖ਼ਤ ਅਤੇ ਮੋਹਰ ਸਮੇਤ ਤਸਦੀਕ ਕੀਤਾ ਜਾਵੇ। ਇੰਸਟਾਲੇਸ਼ਨ ਰਿਪੋਰਟ ਦੀ ਇੱਕ ਕਾਪੀ ਸਕੂਲ ਦੇ ਰਿਕਾਰਡ ਵਿੱਚ ਰੱਖਣੀ ਯਕੀਨੀ ਬਣਾਈ ਜਾਵੇ। ਇੰਸਟਾਲੇਸ਼ਨ ਸਬੰਧੀ ਡਾਟਾ ਦੀ ਐਂਟਰੀ 24 ਘੰਟਿਆਂ ਦੇ ਅੰਦਰ ਈ-ਪੰਜਾਬ ਪੋਰਟਲ ਦੇ "Installation of ICT Lab equipments" ਮੋਡਿਊਲ ਵਿੱਚ ਕਰਨੀ ਯਕੀਨੀ ਬਣਾਈ ਜਾਵੇ।

(ix) ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਦੀ ਮਨਜ਼ੂਰੀ ਤੋਂ ਬਿਨਾਂ ਕੰਪਿਊਟਰ ਅਤੇ ਯੂ.ਪੀ.ਐਸ ਨਾਲ ਸਬੰਧਤ ਕੋਈ ਵੀ ਸਮਾਨ ਸਕੂਲ ਦੀ ਬਿਲਡਿੰਗ ਤੋਂ ਬਾਹਰ ਨਾ ਲਿਜਾਣ ਦਿੱਤਾ ਜਾਵੇ।

(x) ਸਟਾਕ ਰਜਿਸਟਰ ਵਿੱਚ ਕੰਪਿਊਟਰ ਅਤੇ ਯੂ.ਪੀ.ਐਸ ਦੀ ਐਂਟਰੀ ਕਰਨੀ ਯਕੀਨੀ ਬਣਾਈ ਜਾਵੇ ਅਤੇ Serial number ਲਾਜ਼ਮੀ ਦਰਜ ਕੀਤੇ ਜਾਣ। ਕੰਪਨੀ ਕੋਲ ਖਰਾਬ ਹੋਏ ਹਾਰਡਵੇਅਰ ਦੀ ਸ਼ਿਕਾਇਤ ਦਰਜ ਕਰਵਾਉਣ ਸਮੇਂ ਕੰਪਨੀ ਵੱਲੋਂ ਸਬੰਧਤ ਹਾਰਡਵੇਅਰ ਦੇ Serial Number ਦੀ ਮੰਗ ਕੀਤੀ ਜਾਵੇਗੀ।

(xi) ਇੰਸਟਾਲੇਸ਼ਨ ਲਈ ਕੰਪਨੀ ਦੇ ਨੁਮਾਇੰਦਿਆਂ ਨੂੰ ਪੂਰਨ ਸਹਿਯੋਗ ਦਿੱਤਾ ਜਾਵੇ।

(xii) ਕੰਪਿਊਟਰ & ਯੂ.ਪੀ.ਐਸ (ਸਮੇਤ ਬੈਟਰੀ) ਦੀ ਵਾਰੰਟੀ ਅਤੇ ਬੀਮਾ 5 ਸਾਲ ਲਈ ਹੈ। ਵਾਰੰਟੀ ਸਮੇਂ ਦੌਰਾਨ ਹਾਰਡਵੇਅਰ/ਸਾਫਟਵੇਅਰ ਵਿੱਚ ਕਿਸੇ ਵੀ ਤਰ੍ਹਾਂ ਦੀ ਖਰਾਬੀ ਆਉਣ ਜਾਂ ਚੋਰੀ ਹੋਣ ਤੇ ਕੰਪਨੀ ਕੋਲ ਸ਼ਿਕਾਇਤ ਦਰਜ ਕਰਵਾਉਣ ਦੀ ਪੂਰੀ ਵਿਧੀ ਇੰਸਟਾਲੇਸ਼ਨ ਹੋਣ ਤੇ ਉਪਲੱਬਧ ਕਰਵਾ ਦਿੱਤੀ ਜਾਵੇਗੀ।

(xiii) ਯੂ.ਪੀ.ਐਸ ਦਾ ਇੱਕ ਕੰਪਿਊਟਰ ਤੇ 30 ਮਿੰਟ ਦਾ ਬੈਕਅੱਪ ਹੋਣਾ ਜ਼ਰੂਰੀ ਹੈ। ਜੇਕਰ ਵਾਰੰਟੀ ਸਮੇਂ ਦੌਰਾਨ ਕਿਸੇ ਵੀ ਸਮੇਂ ਬੈਕਅੱਪ 30 ਮਿੰਟ ਤੋਂ ਘੱਟ ਪਾਇਆ ਜਾਂਦਾ ਹੈ ਤਾਂ ਇਸ ਸਬੰਧੀ ਕੰਪਨੀ ਕੋਲ ਸ਼ਿਕਾਇਤ ਦਰਜ ਕਰਵਾਈ ਜਾਵੇ ਕਿਉਂਜੋ ਸਬੰਧਤ ਕੰਪਨੀ ਵੱਲੋਂ ਯੂ.ਪੀ.ਐਸ ਦੀ ਬੈਕਅੱਪ 30 ਮਿੰਟ ਤੋਂ ਘੱਟ ਹੋਣ ਤੇ ਬੈਟਰੀਆਂ ਦੀ ਬਦਲੀ ਕੀਤੀ ਜਾਵੇਗੀ।

(xiv) ਇੰਸਟਾਲੇਸ਼ਨ ਉਪਰੰਤ ਆਈ.ਸੀ.ਟੀ ਲੈਬਾਂ ਦੀ ਵਰਤੋਂ ਵਿਦਿਆਰਥੀਆਂ ਦੀ ਕੰਪਿਊਟਰ ਅਤੇ ਡਿਜਿਟਲ ਸਿੱਖਿਆ ਲਈ ਯਕੀਨੀ ਬਣਾਈ ਜਾਵੇ।

(xv) ਕਿਸੇ ਵੀ ਤਰ੍ਹਾਂ ਦੇ ਨੁਕਸਾਨ, ਚੋਰੀ ਆਦਿ ਦੀ ਸਥਿਤੀ ਵਿੱਚ ਤੁਰੰਤ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਅਤੇ ਕੰਪਨੀ ਨੂੰ ਲਿਖਤੀ ਸੂਚਨਾ ਦਿੱਤੀ ਜਾਵੇ।

(xvi) ਕੰਪਿਊਟਰ ਵਿੱਚ ਕੋਈ ਵੀ ਗੈਰ-ਅਧਿਕਾਰਤ ਸਾਫਟਵੇਅਰ ਇੰਸਟਾਲ ਨਾ ਕੀਤਾ ਜਾਵੇ ਅਤੇ ਇਸਨੂੰ ਕੇਵਲ ਅਕਾਦਮਿਕ ਉਦੇਸ਼ਾਂ ਲਈ ਵਰਤਿਆ ਜਾਵੇ।

(xvii) ਪਾਵਰ ਫਲਕਚੂਏਸ਼ਨ ਤੋਂ ਬਚਾਅ ਲਈ ਉਚਿਤ MCB/Surge Protector/Earthing ਆਦਿ ਦੀ ਵਰਤੋਂ ਕੀਤੀ ਜਾ ਸਕਦੀ ਹੈ।

6 ਨਵੇਂ ਕੰਪਿਊਟਰ ਅਤੇ ਯੂ.ਪੀ.ਐਸ ਦੀ ਇੰਸਟਾਲੇਸ਼ਨ ਉਪਰੰਤ ਪੁਰਾਣਾ ਨਾ ਵਰਤੋਂਯੋਗ ਕੰਪਿਊਟਰ ਹਾਰਡਵੇਅਰ ਸਕੂਲ ਵਿੱਚ ਇੱਕ ਜਗ੍ਹਾ ਤੇ ਰਿਕਾਰਡ ਅਨੁਸਾਰ ਗਿਣਤੀ ਪੂਰੀ ਕਰਦੇ ਹੋਏ ਸੰਭਾਲ ਕੇ ਰੱਖ ਦਿੱਤਾ ਜਾਵੇ, ਵਿਭਾਗ ਵੱਲੋਂ ਬਾਅਦ ਵਿੱਚ ਇਸ ਹਾਰਡਵੇਅਰ ਨੂੰ ਡਿਸਪੋਸ਼ਜਆਫ਼ ਕੀਤਾ ਜਾਵੇਗਾ। ਜਿਨ੍ਹਾਂ ਸਕੂਲਾਂ ਵਿੱਚ ਵਰਤੋਂਯੋਗ ਕੰਪਿਊਟਰ ਹਨ ਅਤੇ ਨਵੇਂ ਕੰਪਿਊਟਰ ਪ੍ਰਾਪਤ ਹੋਣ ਤੇ ਸਕੂਲ ਨੂੰ ਇਹਨਾਂ ਕੰਪਿਊਟਰਾਂ ਦੀ ਜ਼ਰੂਰਤ ਨਹੀਂ ਹੈ ਤਾਂ ਉਹ ਵਾਧੂ ਕੰਪਿਊਟਰਾਂ ਦੀ ਸੂਚਨਾਂ ਦਫਤਰ ਜ਼ਿਲ੍ਹਾ ਸਿੱਖਿਆ ਅਫ਼ਸਰਾਂ(ਸੈ.ਸਿੱ) ਨਾਲ ਸਾਂਝੀ ਕਰਨਗੇ। ਦਫਤਰ ਜ਼ਿਲ੍ਹਾ ਸਿੱਖਿਆ ਅਫ਼ਸਰਾਂ(ਸੈ.ਸਿੱ) ਵੱਲੋਂ ਆਈ.ਸੀ.ਟੀ ਪ੍ਰੋਜੈਕਟ ਕੁਆਰਡੀਨੇਟਰਾਂ ਦੀ ਮਦਦ ਨਾਲ ਇਨ੍ਹਾਂ ਕੰਪਿਊਟਰਾਂ ਦੀ ਸਿਫਟਿੰਗ ਲੋੜਵੰਦ ਸਕੂਲਾਂ ਵਿੱਚ ਕਰਨ ਦਾ ਪਲਾਨ ਬਣਾ ਕਿ ਇਸ ਦਫਤਰ ਤੋਂ ਪ੍ਰਵਾਨ ਕਰਵਾਉਣਗੇ।

7 ਜ਼ਿਲ੍ਹਾ ਸਿੱਖਿਆ ਅਫ਼ਸਰਾਂ(ਸੈ.ਸਿੱ) ਅਤੇ ਪ੍ਰੋਜੈਕਟ ਕੁਆਰਡੀਨੇਟਰਾਂ ਵੱਲੋਂ ਇੰਸਟਾਲੇਸ਼ਨ ਦੇ ਕੰਮ ਦਾ ਸਮੇਂ-ਸਮੇਂ ਤੇ ਨਿਰੀਖਣ ਕੀਤਾ ਜਾਵੇ ਅਤੇ ਇੰਸਟਾਲੇਸ਼ਨ ਦਾ ਤਸੱਲੀਬਖਸ਼ ਹੋਣਾ ਯਕੀਨੀ ਬਣਾਇਆ ਜਾਵੇ।

8 ਡਿਲੀਵਰੀ/ ਇੰਸਟਾਲੇਸ਼ਨ ਦੀ ਮੋਨੀਟਰਿੰਗ ਅਤੇ ਸਕੂਲਾਂ ਤੋਂ ਰੋਜਾਨਾ ਡਾਟਾ ਇਕੱਠਾ ਕਰਨ ਲਈ ਜ਼ਿਲ੍ਹਾ ਪੱਧਰ ਤੇ ਕਿਸੇ ਅਧਿਕਾਰੀ/ਕਰਮਚਾਰੀ ਨੂੰ ਨੋਮੀਨੇਟ ਕਰ ਦਿੱਤਾ ਜਾਵੇ ਅਤੇ ਸਮੇਂ-ਸਮੇਂ ਤੇ

ਇਸ ਦਫ਼ਤਰ ਦੀ ਲੋੜ ਅਨੁਸਾਰ ਇਹ ਡਾਟਾ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ) ਵੱਲੋਂ ਵੈਰੀਫਾਈ ਕਰਕੇ ਮੁੱਖ ਦਫ਼ਤਰ ਨੂੰ ਭੇਜਣਾ ਯਕੀਨੀ ਬਣਾਇਆ ਜਾਵੇ।

9 ਸਬੰਧਤ ਕੰਪਨੀਆਂ ਵੱਲੋਂ ਸਕੂਲਾਂ ਦੇ ਗਰੁੱਪ ਬਣਾ ਕੇ VC ਰਾਹੀਂ Orientation Program ਕਰਵਾਇਆ ਜਾਵੇਗਾ, ਇਸ Orientation Program ਵਿੱਚ ਸਬੰਧਤ ਸਕੂਲਾਂ ਵੱਲੋਂ ਕੇਵਲ ਇੱਕ ID ਨਾਲ ਜੁਆਇਨ ਕਰਨਾ ਯਕੀਨੀ ਬਣਾਇਆ ਜਾਵੇ। VC ਦਾ ਲਿੰਕ WhatsApp ਰਾਹੀਂ ਭੇਜਿਆ ਜਾਵੇਗਾ।

10 ਸਕੂਲਾਂ ਨੂੰ ਡਿਲੀਵਰੀ ਅਤੇ ਇੰਸਟਾਲੇਸ਼ਨ ਸਬੰਧੀ ਸਮਾਂਬੱਧ ਸੂਚਨਾਂ ਭੇਜਣ ਹਿੱਤ WhatsApp Group ਬਣਾਇਆ ਜਾਵੇ। ਇਸ ਗਰੁੱਪ ਵਿੱਚ ਇਹ ਪ੍ਰੋਜੈਕਟ ਦੇਖ ਰਹੇ ਦਫ਼ਤਰ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿੱ) ਦੇ ਅਧਿਕਾਰੀ/ਕਰਮਚਾਰੀ, ਪ੍ਰੋਜੈਕਟ ਕੋਆਰਡੀਨੇਟਰ ਅਤੇ ਕੰਪਨੀ ਦੇ ਨੁਮਾਇੰਦਿਆਂ ਨੂੰ ਵੀ ਸ਼ਾਮਿਲ ਕੀਤਾ ਜਾਵੇ।

11 ਜਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ) ਆਪਣੇ ਜਿਲ੍ਹੇ ਦੇ ਸਕੂਲਾਂ ਵਿੱਚ ਕੰਪਿਊਟਰ ਅਤੇ ਯੂ.ਪੀ.ਐਸ ਇੰਸਟਾਲ ਕਰਨ ਲਈ ਲੈਬ ਤਿਆਰ ਹੋਣ ਦੀ ਰਿਪੋਰਟ 15 ਜਨਵਰੀ 2026 ਸ਼ਾਮ 3 ਵਜੇ ਤੋਂ ਪਹਿਲਾਂ-ਪਹਿਲਾਂ ਇਸ ਦਫ਼ਤਰ ਨੂੰ ਭੇਜਣੀ ਯਕੀਨੀ ਬਣਾਉਣਗੇ।

06.01.26

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**

ਪਿੰ:ਨੰ:ਅੰ:-ਉਕਤ ਮਿਤੀ : 06/01/2026

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾਂ ਅਤੇ ਅਗਲੇਰੀ ਕਾਰਵਾਈ ਹਿਤ:-

1. ਪੀ.ਏ. ਟੂ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਪੀ.ਏ. ਟੂ ਡੀ.ਜੀ.ਐਸ.ਈ, ਪੰਜਾਬ।
3. ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ)।
4. ਡਾਇਰੈਕਟਰ ਸਕੂਲ ਐਜੂਕੇਸ਼ਨ (ਐਲੀਮੈਂਟਰੀ)।
5. ਡਾਇਰੈਕਟਰ, ਐਸ.ਸੀ.ਈ.ਆਰ.ਟੀ।
6. ਸਮੂਹ ਆਈ.ਸੀ.ਟੀ. ਪ੍ਰੋਜੈਕਟ ਕੁਆਰਡੀਨੇਟਰ।
7. ਸਬੰਧਤ ਕੰਪਨੀਆਂ।

06.01.26

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**